SED-EDU401/72/2023-2EDU4/(Part-1)/53 ਮਿਤੀ, ਚੰਡੀਗੜ੍ਹ: 21-02-2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸਿੱਖਿਆ-4 ਸ਼ਾਖਾ

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿੱਚ ਸਕੂਲ ਅਤੇ ਇੰਸਪੈਕਸ਼ਨ ਕਾਡਰ, ਗਰੁੱਪ ਏ ਦੀਆਂ ਖਾਲੀ/ ਮਿਤੀ 31.12.2024 ਤੱਕ ਰਿਟਾਇਰਮੈਂਟ ਕਾਰਨ ਖਾਲੀ ਹੋਣ ਵਾਲੀਆਂ 43 ਆਸਾਮੀਆਂ ਤਨਖਾਹ ਸਕੇਲ ਲੈਵਲ 21 ਵਿਰੁੱਧ ਪ੍ਰਿੰਸੀਪਲ/ਉੱਪ ਜਿਲਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ-ਉੱਨਤੀ ਰਾਹੀਂ ਭਰਨ ਲਈ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 13-02-2024 ਨੂੰ 11.30 ਵਜੇ ਹੋਈ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 29 ਅਧਿਕਾਰੀਆਂ ਨੂੰ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪਦ ਉੱਨਤ ਕੀਤਾ ਗਿਆ ਸੀ। ਜਿਹਨਾਂ ਵਿਚੋਂ 14 ਅਧਿਕਾਰੀਆਂ ਵੱਲੋਂ ਪਦ ਉਨੱਤੀ ਨਾ ਲੈਣ ਕਾਰਨ ਉਨ੍ਹਾਂ ਨੂੰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਗਿਆ ਹੈ।

2. ਇਸ ਲਈ ਇਹਨਾਂ ਖਾਲੀਆਂ ਹੋਈਆਂ ਅਸਾਮੀਆਂ ਵਿਰੁੱਧ ਵਿਭਾਗੀ ਤਰੱਕੀ ਕਮੇਟੀ ਵੱਲੋਂ ਪ੍ਰਵਾਨ ਕੀਤੇ ਅਨੁਸਾਰ ਹੇਠ ਲਿਖੇ ਪ੍ਰਿੰਸੀਪਲ/ਉੱਪ ਜਿਲਾ ਸਿੱਖਿਆ ਅਫਸਰਾਂ ਨੂੰ Punjab Educational Service (School and Inspection Cadre) Group 'A' Service Rules 2018, ਮਿਤੀ 07.06.2018/13.02.2020 ਅਨੁਸਾਰ ਤਨਖਾਹ ਸਕੇਲ ਲੈਵਲ 21 ਵਿੱਚ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ ਕਾਡਰ) ਗਰੁੱਪ-ਏ ਵਿੱਚ ਬਤੌਰ ਜਿਲਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ-ਉੱਨਤ ਕੀਤਾ ਜਾਂਦਾ ਹੈ:-

| ਲੜੀ ਨੰ. | ਨਾਮ | ਸੀਨੀ: ਨੰ. | ਕੈਟਾਗਰੀ | ਵਿਸ਼ੇਸ ਕਥਨ |
|---|---|---|---|---|
| 1. | ਰਾਣੀ ਗੁਪਤਾ | 1444 | ਜਨਰਲ | ਆਪਣੀ ਸੀਨੀਆਰਤਾ ਤੇ |
| 2. | ਗੁਨਿੰਦਰਜੀਤ ਕੌਰ | 1445 | ਜਨਰਲ | ਆਪਣੀ ਸੀਨੀਆਰਤਾ ਤੇ |
| 3. | ਰਿੰਪੀ | 1448 | ਜਨਰਲ | ਆਪਣੀ ਸੀਨੀਆਰਤਾ ਤੇ |
| 4. | ਮੋਨਿਕਾ ਮੈਣੀ | 1449 | ਜਨਰਲ | ਆਪਣੀ ਸੀਨੀਆਰਤਾ ਤੇ |
| 5. | ਅਲਕਾ ਮੈਂਗਾ | 1450 | ਜਨਰਲ | ਆਪਣੀ ਸੀਨੀਆਰਤਾ ਤੇ |
| 6. | ਡਿੰਪਲ ਮਦਾਨ | 1451 | ਜਨਰਲ | ਆਪਣੀ ਸੀਨੀਆਰਤਾ ਤੇ |
| 7. | ਸਮਰਿਤੀ ਭਾਰਗਵ | 1452 | ਜਨਰਲ | ਆਪਣੀ ਸੀਨੀਆਰਤਾ ਤੇ |
| 8. | ਸੁਨੀਤਾ | 1453 | ਜਨਰਲ | ਆਪਣੀ ਸੀਨੀਆਰਤਾ ਤੇ |
| 9. | ਰੋਮੇਸ਼ ਕੁਮਾਰ | 1454 | ਜਨਰਲ | ਆਪਣੀ ਸੀਨੀਆਰਤਾ ਤੇ |
| 10. | ਬ੍ਰਿਜ ਮੋਹਨ ਸਿੰਘ | 1568 | ਆਰਥੋ ਹੈਂਡੀਕੈਪ | ਅੰਗਹੀਣ ਦੇ ਰੋਸਟਰ ਨੁਕਤੇ ਵਿਰੁੱਧ |
| 11. | ਰਾਜਵਿੰਦਰ ਕੌਰ | 1612 | ਅ.ਜ. | ਅ.ਜ. ਦੇ ਖਾਲੀ ਨੁਕਤੇ ਵਿਰੁੱਧ |
| 12. | ਪਰਮਜੀਤ | 1613 | ਅ.ਜ. | ਅ.ਜ. ਦੇ ਖਾਲੀ ਨੁਕਤੇ ਵਿਰੁੱਧ |
| 13. | ਸ਼ਾਲੂ ਮਹਿਰਾ | 1455 | ਜਨਰਲ | ਆਪਣੀ ਸੀਨੀਆਰਤਾ ਤੇ |

2. ਹੁਣ ਰੋਸਟਰ ਰਜਿਸਟਰ ਬੰਦ ਹੋ ਚੁੱਕਾ ਹੈ। ਇਸ ਲਈ ਜਿਹੜੀ ਕੈਟਾਗਿਰੀ ਵੱਲੋਂ ਅਸਾਮੀ ਖਾਲੀ ਕੀਤੀ ਗਈ ਹੈ, ਉਸ ਅਸਾਮੀ ਵਿਰੁੱਧ ਉਸੇ ਹੀ ਕੈਟਾਗਿਰੀ ਦੇ ਅਧਿਕਾਰੀ ਨੂੰ ਪਦਉਨੱਤ ਕੀਤਾ ਜਾਂਦਾ ਹੈ। ਸੀਨੀਆਰਤਾ ਨੰਬਰ 1446 ਸ੍ਰੀਮਤੀ ਸ਼ਾਲੂ ਰਤਨ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਪੈਂਡਿੰਗ ਹੋਣ ਕਾਰਨ ਉਸਦਾ ਕੇਸ ਸੀਲਡ ਕਵਰ ਵਿੱਚ ਰੱਖਿਆ ਜਾਂਦਾ ਹੈ।

P.T.O.

3. ਉਪਰੋਕਤ ਪੱਦ-ਉੱਨਤੀਆਂ ਹੇਠ ਦਰਸਾਈਆ ਸ਼ਰਤਾ ਤੇ ਅਧਾਰਤ ਹੋਣਗੀਆਂ:-

(ੳ) ਇਹ ਪੱਦ-ਉੱਨਤੀਆਂ ਸਿਵਲ ਰਿੱਟ ਪਟੀਸ਼ਨ ਨੰ 8111 ਆਫ 2021 ਹਰਨੇਕ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਦਾਇਰ ਸੀ.ਐਮ ਨੰ 16519 ਆਫ 2023 ਅਤੇ ਹੋਰ ਪੈਂਡਿੰਗ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਦਿੱਤਾ ਜਾਣ ਵਾਲੇ ਅੰਤਿਮ ਫੈਸਲਾ ਮੰਨਣਯੋਗ ਹੋਵੇਗਾ। ਉਪਰੋਕਤ ਤੋਂ ਇਲਾਵਾ ਮਾਨਯੋਗ ਕੋਰਟ ਵਿੱਚ ਸੀਨੀਆਰਤਾ ਸਬੰਧੀ ਜੇਕਰ ਕੋਈ ਰਿੱਟ ਪਟੀਸ਼ਨ ਲੰਬਿਤ ਹੋਵੇ, ਤਾਂ ਉਨ੍ਹਾਂ ਕੇਸਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ, ਉਹ ਮੰਨਣਯੋਗ ਹੋਵੇਗਾ।

(ਅ) ਇਹ ਤਰੱਕੀਆਂ ਬਿਲਕੁਲ ਆਰਜ਼ੀ ਹੋਣਗੀਆ।

(ੲ) ਇਨ੍ਹਾਂ ਅਧਿਕਾਰੀਆਂ ਦਾ ਪਰਖ਼ਕਾਲ ਹਾਜ਼ਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਦਾ ਹੋਵੇਗਾ।

(ਸ) ਸਾਰੇ ਪੱਦ-ਉੱਨਤ ਹੋਏ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਤੁਰੰਤ ਆਪਣੀ ਨਵੀਂ ਤੈਨਾਤੀ ਵਾਲੀ ਥਾਂ ਤੇ ਪੇਸ਼ ਕਰਨਗੇ। ਜਿਹੜੇ ਅਧਿਕਾਰੀ ਮਿਤੀ 23-02-2024 ਤੱਕ ਆਪਣੀ ਹਾਜ਼ਰੀ ਪੇਸ਼ ਕਰਨ ਨੂੰ ਅਸਮਰਥ ਹੋਣਗੇ, ਤਾਂ ਉਹਨਾਂ ਨੂੰ ਨਿਯਮਾਂ ਅਨੁਸਾਰ ਪੱਦ-ਉੱਨਤੀ ਦੇ ਹੱਕ ਤੋਂ 02 ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

(ਹ) ਜੇਕਰ ਕਿਸੇ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਚੱਲ ਰਹੀਂ ਵਿਭਾਗੀ ਕਾਰਵਾਈ ਬਾਰੇ ਕੇਸ ਧਿਆਨ ਵਿੱਚ ਆਉਂਦਾ ਹੈ, ਤਾਂ ਉਸਦੀ ਕੀਤੀ ਗਈ ਪੱਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

(ਕ) ਪੋਸਟਿੰਗ ਸਬੰਧੀ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾ ਰਹੇ ਹਨ।

5. ਇਹ ਹੁਕਤ ਤੁਰੰਤ ਲਾਗੂ ਹੋਣਗੇ।

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
21-02-2024

ਪਿੰ.ਅੰ.ਨੰ:/ਉਕਤ ਮਿਤੀ, ਚੰਡੀਗੜ੍ਹ: 21-02-2024

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ;-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ।
5. ਡਾਇਰੈਕਟਰ, ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ।
6. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ-ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ।
7. ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
8. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ (ਵੈਬਸਾਈਟ ਰਾਹੀਂ।
9. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਪੰਜਾਬ (ਵੈਬਸਾਈਟ ਰਾਹੀਂ)।
10. ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)

(ਸੁਰਜੀਤ ਸਿੰਘ) 21/2
ਸੁਪਰਡੰਟ

**ਅੰਦਰੂਨੀ ਵੰਡ:**

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ
3. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ